ਜੀ,

ਮਾਰਚ 18, 2020 ਨੂੰ ਰਾਸ਼ਟਰਪਤੀ ਟਰੰਪ ਨੇ ਨਿਰਪੱਖ "ਫੈਮਲੀਜ਼ ਫ਼ਸਟ ਕੋਰੋਨਾ ਵਾਇਰਸ ਰਿਸਪਾਂਸ ਐਕਟ" ਤੇ ਹਸਤਾਖਰ ਕੀਤੇ, ਜੋ COVID -19 (ਕੋਰੋਨਾ ਵਾਇਰਸ) ਦੇ ਪ੍ਰਕੋਪ ਨੂੰ ਰੋਕਣ ਲਈ 100 ਬਿਲੀਅਨ ਡਾਲਰ ਤੋਂ ਵੀ ਵੱਧ ਫੰਡਾਂ ਨੂੰ ਮੁਹਈਆ ਕਰਵਾਂਦਾ ਹੈ। ਇਹ ਐਮਰਜੇਂਸੀ ਕ਼ਾਨੂਨ ਤੁਹਾਡੇ ਬਿਮਾਰ ਹੋਣ ਤੇ ਛੁੱਟੀ ਲੈਣ ਤੇ ਵੀ ਤੁਹਾਨੂੰ ਤਨਖ਼ਾਹ ਦੇ ਨਾਲ ਨਾਲ ਕੋਰੋਨਾ ਵਾਇਰਸ ਦੇ ਮੁਫ਼ਤ ਟੈਸਟ ਵੀ ਮੁਹਈਆ ਕਰਵਾਉਂਦਾ ਹੈ।

ਇਸ ਮਹਾਂਮਾਰੀ ਨਾਲ ਸੰਬੰਧਿਤ ਇਹ ਦੁੱਜਾ ਬਿੱਲ ਹੈ ਜਿਸਨੂੰ ਪਾਸ ਕਿੱਤਾ ਗਿਆ ਹੈ, ਪਰ ਹਾਲਾਤ ਹੱਜੇ ਵੀ ਬਹੁਤ ਤੇਜ਼ੀ ਨਾਲ ਬਾਦਲ ਰਹੇ ਨੇ। ਪਹਿਲਾ ਬਿੱਲ ਜੋ ਕਿ ਮਾਰਚ 6, 2020 ਨੂੰ ਪਾਸ ਕਿੱਤਾ ਗਿਆ ਸੀ, ਉਹ ਫੈਡਰਲ ਸਰਕਾਰ ਵੱਲੋਂ ਹੈਲਥ ਕੇਯਰ ਨੂੰ ਤਿਆਰ ਕਰਨ ਲਈ ਪੈਸੇ ਮੁਹਈਆ ਕਰਵਾਣ ਲਈ ਸੀ।

ਹੇਠਾਂ ਦਿੱਤੀ ਜਾਣਕਾਰੀ "ਫੈਮਿਲਿਜ਼ ਫ਼ਸਟ ਕੋਰੋਨਾ ਵਾਇਰਸ ਰਿਸਪਾਂਸ ਐਕਟ" ਦਾ ਇਕ ਉੱਚ ਪੱਧਰੀ ਸੰਖੇਪ ਹੈ।

**ਨਾਗਰਿਕਤਾ (citizenship) ਤੇ ਪ੍ਰਭਾਵ**

ਇਸ ਕ਼ਾਨੂਨ ਦੇ ਮੁਤਾਬਿਕ ਜੋ ਲੋਕ ਅਮਰੀਕਾ ਦੇ ਨਾਗਰਿਕ (citizen) ਨਹੀਂ ਹਨ ਉਹ ਵੀ ਕੁਛ ਐਮਰਜੇਂਸੀ ਲਾਭ ਦੇ ਹੱਕਦਾਰ ਹਨ, ਖਾਸ ਤੌਰ ਤੇ COVID-19 ਲਈ ਡਾਕਟਰੀ ਦੇਖਭਾਲ। ਇਸਦੇ ਬਾਵਜੂਦ, ਤੁਹਾਨੂੰ ਜਾਗਰੂਕ ਹੋਣਾ ਚਾਹੀਦਾ ਹੈ ਕਿ ਫੈਮਿਲਿਜ਼ ਫ਼ਸਟ ਐਕਟ ਤੋਂ ਇਲਾਵਾ ਬਾਕੀ ਫੈਡਰਲ ਲਾਭ ਲੈਣ ਦਾ ਅਸਰ ਤੁਹਾਡੀ ਅਗਲੀ ਵੀਸਾ ਜਾਂ ਨਾਗਰਿਕਤਾ ਐਪਲੀਕੇਸ਼ਨ ਤੇ ਕਿਵੇਂ ਪੈ ਸਕਦਾ ਹੈ। U.S. Citizenship and Immigration Services (USCIS) ਨੇ ਪਬਲਿਕ ਚਾਰਜ ਰੂਲ ਤੇ ਕੁਛ ਜਾਣਕਾਰੀ ਜਾਰੀ ਕਿੱਤੀ ਹੈ ਅਤੇ ਇਹ ਕਹਿਆ ਹੈ। ਇਸ ਸਮੇਂ ਤੇ ਇਹ ਸਾਫ਼ ਨਹੀਂ ਹੈ ਕਿ ਪਬਲਿਕ ਚਾਰਜ ਰੂਲ ਤੇ ਕਿਸੇ ਤਰਾਂਹ ਦੀ ਰੋਕ ਲਾਇ ਜਾਏਗੀ ਜਾਂ ਨਹੀਂ। ਅਸੀਂ ਸਲਾਹ ਦੇਂਦੇ ਹਾਂ ਕਿ ਜੇ ਤੁਸੀਂ ਸਿਟੀਜ਼ਨ ਨਹੀਂ ਹੋ ਤਾਂ ਇਕ ਵਾਰ ਆਪਣੇ ਇਮੀਗ੍ਰੇਸ਼ਨ ਵਕੀਲ ਜਾਂ ਪਬਲਿਕ ਸਹਾਇਤਾ ਪ੍ਰੋਗਰਾਮ ਜੋ ਕਿ ਤੁਹਾਨੂੰ ਸਲਾਹ ਦੇ ਸਕਦੇ ਹਨ ਕਿ ਤੁਸੀਂ ਕਿੰਨਾ ਲਾਭਾਂ ਦੇ ਯੋਗ ਹੋ ਅਤੇ ਉਹ ਤੁਹਾਡੇ ਇਮੀਗ੍ਰੇਸ਼ਨ ਸਥਿਤੀ ਤੇ ਕਿ ਪ੍ਰਭਾਵ ਪਾ ਸਕਦੇ ਹਨ।

**ਬਿਮਾਰ ਹੋਣ ਤੇ ਤਨਖਾਹ ਦੇ ਨਾਲ ਐਮਰਜੈਂਸੀ ਛੁਟੀ**

ਇਹ ਨਵਾਂ ਕ਼ਾਨੂਨ ਸਰਕਾਰੀ ਮਹਿਕਮਿਆਂ ਅਤੇ ਪ੍ਰਾਈਵੇਟ ਕੰਪਨੀਆਂ ਜਿਹਨਾਂ ਵਿਚ 500 ਤੋਂ ਘੱਟ ਲੋਕ ਕੰਮ ਕਰਦੇ ਹਨ, ਉਹਨਾਂ ਨੂੰ ਹਿਦਾਯਤ ਦੇਂਦਾ ਹੈ ਕਿ ਉਹ ਕਿੱਸੇ ਵੀ COVID -19 ਨਾਲ ਬਿਮਾਰ ਹੋਣ ਵਾਲੇ ਕਰਮਚਾਰੀ ਨੂੰ ਦੋ ਹਫਤੇ ਦੀ ਐਮਰਜੈਂਸੀ ਛੁੱਟੀ ਤਨਖਾਹ ਦੇ ਨਾਲ ਦਵੇ। ਇਸ ਤੋਂ ਇਲਾਵਾ ਲੋਡ ਪੈਣ ਤੇ ਹੋਰ ਦੱਸ ਹਫਤਿਆਂ ਤੱਕ ਦੀ ਐਮਰਜੈਂਸੀ ਪਰਿਵਾਰਿਕ ਮੈਡੀਕਲ ਛੁੱਟੀ ਵੀ ਦਵੇ। ਪਰ, ਇਹ ਸਹੂਲਤ ਸਭ ਲਈ ਨਹੀਂ ਹੈ। ਹੈਲਥ ਕਯੇਰ ਵਿਚ ਕੰਮ ਕਰਨ ਵਾਲੇ ਲੋਕ, ਐਮਰਜੈਂਸੀ ਰੇਸਪੋਂਡੇਰ, ਅਤੇ ਛੋਟੇ ਕਾਰੋਬਾਰ ਜਿਹਦੇ ਵਿਚ 50 ਤੋਂ ਘੱਟ ਲੋਕ ਕੱਮ ਕਰਦੇ ਹੋਣ - ਇਹ ਸਭ ਇਸ ਸਹੂਲਤ ਤੋਂ ਛੋਟ ਹਨ।

**ਕਰਮਚਾਰੀਆਂ ਨੂੰ ਪਤਾ ਹੋਣਾ ਚਾਹੀਦਾ ਹੈ:**

1. ਬਿਮਾਰ ਹੋਣ ਤੇ ਐਮਰਜੈਂਸੀ ਛੁੱਟੀ ਲੈਣ ਤੇ ਵੀ ਕਰਮਚਾਰੀ ਆਪਣੀ ਪੂਰੀ ਤਨਖਾਹ ਦੇ ਹੱਕਦਾਰ ਹਨ, ਵੱਧ ਤੋਂ ਵੱਧ $511 ਪ੍ਰਤੀ ਦਿਨ ਜਾਂ ਕੁਲ $5,110 ਦੋ ਹਫਤਿਆਂ ਲਈ। (ਫੁੱਲ ਟਾਈਮ ਕਰਮਚਾਰੀ 80 ਘੰਟਿਆਂ ਤੱਕ ਦੀ ਐਮਰਜੈਂਸੀ ਛੁੱਟੀ ਲੈ ਸਕਦੇ ਹਨ ਅਤੇ ਪਾਰਟ ਟਾਈਮ ਕਰਮਚਾਰੀ ਦੋ ਹਫਤਿਆਂ ਵਿਚ ਜਿੰਨੇ ਘੰਟੇ ਕੰਮ ਕਰਦੇ ਹਨ, ਤਕਰੀਬਨ ਓਹਨੀ ਛੁੱਟੀ ਲਾਇ ਸਕਦੇ ਹਨ)।
2. ਜੋ ਲੋਕ ਸਵੈ ਰੁਜ਼ਗਾਰ ਪ੍ਰਾਪਤ ਕਰਦੇ ਹਨ ਪਰ ਅੱਗੇ ਦੂਜੀਆਂ ਕੰਪਨੀਆਂ ਲਈ ਕੰਮ ਕਰਦੇ ਹਨ (ਜਿਵੇਂ ਕਿ Lyft ਅਤੇ Uber ਦੇ ਡਰਾਈਵਰ) ਉਹ ਲੋਕ 2 ਹਫਤੇ ਤਕ ਦੀ ਐਮਰਜੈਂਸੀ ਛੁੱਟੀ ਦੇ ਬਰਾਬਰ ਟੈਕਸ ਕ੍ਰੇਡਿਟ ਆਪਣੀ ਅਮੂਮਨ ਕਮਾਈ ਦੇ ਬਰਾਬਰ ਲੈ ਸਕਦੇ ਹਨ। ਅਤੇ ਇਸ ਤੋਂ ਇਲਾਵਾ 12 ਹਫਤਿਆਂ ਤਕ ਲਈ ਆਪਣੀ ਕਮਾਈ ਦੇ ਦੋ ਤਿਹਾਈ ਹਿੱਸੇ ਤੱਕ ਦੇ ਬਰਾਬਰ ਟੈਕਸ ਕਰੈਡਿਟ ਲੈ ਸਕਦੇ ਹਨ ਜੇ ਉਹਨਾਂ ਨੂੰ ਐਮਰਜੈਂਸੀ ਪਰਿਵਾਰਿਕ ਮੈਡੀਕਲ ਛੁੱਟੀ ਲੈਣ ਦੀ ਲੋੜ ਪੈਂਦੀ ਹੈ।
3. ਕਰਮਚਾਰੀ ਤਨਖਾਹ ਦੇ ਨਾਲ ਐਮਰਜੈਂਸੀ ਛੁੱਟੀ ਓਦੋਂ ਵੀ ਲੈ ਸਕਦੇ ਹਨ ਜੇ ਓਹਨਾਂ ਨੂੰ ਆਪਣੇ ਪਰਿਵਾਰ ਦੇ ਕਿੱਸੇ ਮੈਂਮਬਰ ਦਾ ਧਿਆਨ ਰੱਖਣ ਦੀ ਲੋੜ ਹੈ ਜੋ ਕਿ ਕੋਰੋਨਾ ਵਾਇਰਸ ਕਰਕੇ ਬਿਮਾਰ ਹੋਏ ਹਨ। ਇਸ ਦੇ ਵਿਚ ਉਹ ਵੀ ਲੋਕ ਸ਼ਾਮਿਲ ਹਨ ਜੋ ਕਿ ਆਪਣੇ ਬੱਚਿਆਂ ਦੇ ਸਕੂਲ ਕੋਰੋਨਾ ਵਾਇਰਸ ਕਰਕੇ ਬੰਦ ਹੋਣ ਕਰਕੇ ਓਹਨਾਂ ਦਾ ਧਿਆਨ ਰੱਖਣ ਲਈ ਘਰ ਰਹਿਣਾ ਚਾਹੁੰਦੇ ਹਨ। ਬੱਚਿਆਂ ਦਾ ਧਿਆਨ ਰੱਖਣ ਲਈ ਲਈਆਂ ਗਈਆਂ ਛੁੱਟੀਆਂ ਦੀ ਤਨਖਾਹ ਕਰਮਚਾਰੀ ਦੀ ਤਨਖਾਹ ਦੇ ਦੋ ਤਿਹਾਈ ਰੇਟ ਤੇ ਦਿੱਤੀ ਜਾਵੇਗੀ। ਇਹ ਵੱਧ ਤੋਂ ਵੱਧ $200 ਪ੍ਰਤੀ ਦਿਨ ਜਾਂ $10,000 ਕੁਲ ਹੋ ਸਕਦੀ ਹੈ।
4. ਇਸ ਸਹੂਲਤ ਨੂੰ ਦੇਣ ਤੋਂ ਪਹਿਲਾਂ ਮਾਲਕ ਤੁਹਾਨੂੰ ਆਮ ਤੌਰ ਤੇ ਮਿਲਣ ਵਾਲੇ ਛੁੱਟੀਆਂ ਅਤੇ ਬਿਮਾਰੀ ਦੇ ਦਿਨ ਵਰਤਣ ਲਈ ਨਹੀਂ ਮਜਬੂਰ ਕਰ ਸਕਦੇ।
5. ਜੋ ਕਰਮਚਾਰੀ ਇਹ ਪਬਲਿਕ ਹੈਲਥ ਐਮਰਜੈਂਸੀ ਦੇ ਅਧੀਨ ਛੁੱਟੀਆਂ ਲੈਣ ਦੇ ਉਪਰੰਤ ਵਾਪਿਸ ਆਣ ਤੇ, ਉਹਨਾਂ ਨੂੰ ਆਪਣੇ ਪਹਿਲਾਂ ਵਾਲੇ ਨੌਕਰੀ ਦੇ ਦਰਜੇ ਤੇ ਵਾਪਿਸ ਲਾਏ ਜਾਣ ਦਾ ਪੂਰਾ ਹੱਕ ਹੈ। ਜਾਂ ਫਿਰ ਓਹਨੇ ਹੀ ਦਰਜੇ ਦੀ ਕੋਈ ਹੋਰ ਪੋਸ਼ਿਸ਼ਨ ਪਹਿਲਾਂ ਜਿੰਨੀ ਤਨਖਾਹ ਅਤੇ ਸਹੂਲਤਾਂ ਨਾਲ ਦਿੱਤੀ ਜਾ ਸਕਦੀ ਹੈ।

**COVID-19 ਦੇ ਟੈਸਟ**

ਭਾਵੇਂ ਲੋਕ ਆਪਣੀ ਕੰਪਨੀ ਦੇ ਸਿਹਤ ਬੀਮੇ, "Medicaid", "Children's Health Insurance Program (CHIP)", "Medicare" ਜਾਂ "Affordable Care Act (ACA) marketplace" ਤੇ ਨਿਰਭਰ ਕਰਦੇ ਹੋਣ, ਇਹ ਐਮਰਜੈਂਸੀ ਫੰਡ ਸਭ ਨੂੰ COVID-19 ਦੇ ਟੈਸਟ ਕਰਵਾਉਣ ਦੇ ਯੋਗ ਬਣਾ ਦਿੰਦਾ ਹੈ। ਇਹ ਇਕ ਨਵਾਂ ਮੈਡੀਕੇਡ ਵਿਕਲਪ ਵੀ ਬਣਾਉਂਦਾ ਹੈ ਜਿਦੇ ਨਾਲ ਓਹਨਾਂ ਲੋਕਾਂ ਨੂੰ ਟੈਸਟਾਂ ਲਈ ਕਵਰ ਕਿੱਤਾ ਜਾ ਸੱਕੇ ਜਿੰਨਾ ਕੋਲ ਬੀਮਾ ਨਹੀਂ ਹੈਗਾ। ਪਰ ਇਹ ਸਟੇਟ ਮੈਡੀਕੇਡ ਵਿਕਲਪ ਉਹਨਾਂ ਪ੍ਰਵਾਸੀਆਂ ਨੂੰ COVID-19 ਦੇ ਟੈਸਟਾਂ ਦੇ ਯੋਗ ਨਹੀਂ ਬਣਾਉਂਦਾ ਜੋ ਕਿ ਫੈਡਰਲ ਨਾਨ ਐਮਰਜੈਂਸੀ ਮੈਡੀਕੇਡ ਦੇ ਯੋਗ ਨਹੀਂ ਹੈਗੇ। ਹਾਲਾਂਕਿ "Disaster Medical System" ਵੱਲੋਂ ਟੈਸਟ ਜਾਂ ਹੋਰ ਮੈਡੀਕਲ ਸੇਵਾਵਾਂ ਲੈਣਾ ਪਬਲਿਕ ਚਾਰਜ ਨਹੀਂ ਮੰਨਿਆ ਜਾਵੇਗਾ, ਕਹਿਣਾ ਹੈ U.S. Citizenship and Immigration services ਦਾ।

**ਬੇਰੁਜ਼ਗਾਰੀ ਬੀਮਾ (Unemployment Insurance / UI)**

ਜਿਵੇਂ ਜਿਵੇਂ COVID-19 ਕਰਕੇ ਕੰਮ ਬੰਦ ਹੋਣ ਕਰਕੇ ਕਰਮਚਾਰੀਆਂ ਦੇ ਘੰਟੇ ਅਤੇ ਨੌਕਰੀਆਂ ਛੁਟ ਦੀਆਂ ਹਨ, ਲੋਕਾਂ ਨੂੰ ਮਦਦ ਦੀ ਲੋੜ ਪਾਏਗੀ। UI ਉਹਨਾਂ ਮੁਲਾਜ਼ਿਮਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਮਦਦ ਸਟੇਟ ਵੱਲੋਂ ਨਕਦੀ ਰਾਸ਼ੀ ਪ੍ਰਦਾਨ ਕਰਵਾ ਕੇ ਕਰਦਾ ਹੈ। ਨਵੇਂ ਐਮਰਜੈਂਸੀ ਫੰਡ ਉਪਰੰਤ ਇਕ ਬਿੱਲੀਅਨ ਡਾਲਰ ਸਟੇਟਾਂ ਨੂੰ ਮੁਹਈਆ ਕਰਵਾਏ ਜਾਣਗੇ ਵਧੀ ਹੋਈ UI ਸਹੂਲਤਾਂ ਦਿਆਂ ਮੰਗਾ ਨੂੰ ਪੂਰਾ ਕਰਨ ਲਈ। ਯੋਗਤਾ ਅਤੇ ਕਾਗਜ਼ੀ ਕਾਰਵਾਈ ਲਈ ਆਪਣੀ ਸਟੇਟ ਦੇ ਬੇਰੋਜ਼ਗਾਰੀ ਦਫ਼ਤਰ ਨਾਲ ਸੰਪਰਕ ਕਰੋ।

**ਭੋਜਨ ਅਤੇ ਪੋਸ਼ਣ ਸੇਵਾ (Food and Nutrition Service)**

ਐਮਰਜੈਂਸੀ ਫੰਡ ਉਹਨਾਂ ਪਰਿਵਾਰਾਂ ਲਈ ਪੂਰਕ ਪੋਸ਼ਣ ਸਹਾਇਤਾ ਪ੍ਰੋਗਰਾਮ (Supplemental Nutrition Assistance Program / SNAP) ਵਜੋਂ ਸਹਾਇਤਾ ਪ੍ਰਦਾਨ ਕਰਦਾ ਹੈ ਜਿਹਨਾਂ ਦੇ ਬੱਚੇ ਕਿਸੇ ਸਕੂਲ ਵਿਚ ਪੜ੍ਹਦੇ ਹਨ ਜੋ ਕਿ ਕੋਵਿਡ -19 ਦੇ ਕਾਰਨ ਬੰਦ ਹੋ ਗਿਆ ਹੈ ਜਿੱਥੇ ਉਹਨਾਂ ਨੂੰ ਮੁਫਤ ਜਾਂ ਸਸਤਾ ਭੋਜਨ ਮਿਲਦਾ ਹੈ। ਇਸ ਦੇ ਯੋਗ ਹੋਣ ਲਈ ਬੱਚੇ ਦਾ ਸਕੂਲ ਲਗਾਤਾਰ ਘੱਟੋ ਘੱਟ ਪੰਜ ਦਿਨਾਂ ਤੋਂ ਬੰਦ ਹੋਇਆ ਹੋਣਾ ਚਾਹੀਦਾ ਹੈ। ਇਹ ਫੰਡ ਬਜ਼ੁਰਗਾਂ ਲਈ ਖਾਣੇ, ਫ਼ੂਡ ਬੈਂਕ, ਅਤੇ ਹੋਰ ਕਈ ਫ਼ੂਡ ਪ੍ਰੋਗਰਾਮਾਂ ਲਈ ਵੀ ਫੈਡਰਲ ਸਪੋਰਟ ਮੁਹਈਆ ਕਰਵਾਉਂਦਾ ਹੈ ਤਾਂ ਜੋ ਉਹਨਾਂ ਬੱਚਿਆਂ ਦੀ ਮਦਦ ਕਿੱਤੀ ਜਾ ਸੱਕੇ ਹੋ ਕਿ ਸਕੂਲਾਂ ਦੇ ਭੋਜਨ ਤੇ ਨਿਰਭਰ ਕਰਦੇ ਹਨ।

ਸਿੱਖ ਕੋਲਿਸ਼ਨ ਇਸ ਗੱਲ ਨੂੰ ਸਮਝਦੀ ਹੈ ਕਿ ਲੱਖਾਂ ਅਮਰੀਕਨ ਪਰਿਵਾਰ, ਜਿਸ ਵਿਚ ਸਿੱਖ ਅਮਰੀਕਨ ਪਰਿਵਾਰ ਵੀ ਸ਼ਾਮਿਲ ਹਨ COVID-19 ਕਰਕੇ ਵਿੱਤੀ ਤੌਰ ਤੇ ਪ੍ਰਭਾਵਿਤ ਹੋਏ ਹਨ। ਸਿੱਖਾਂ ਦੇ ਸਿਵਲ ਹੱਕਾਂ ਲਈ ਲੱੜਨ ਵਾਲੀ ਇਕ ਸੰਸਥਾ ਹੋਣ ਦੇ ਬਾਵਜੂਦ ਅਸੀਂ ਆਪਣੀ ਜੱਥੇਬੰਦੀ ਦੀਆਂ ਕੁਝ ਤਰਜੀਹਾਂ ਨੂੰ ਬਦਲਣ ਦੀ ਪ੍ਰਕਿਰਿਆ ਵਿੱਚ ਹਾਂ, ਨਾਲ ਹੀ ਅਸੀਂ ਦੂੱਜੀਆਂ ਜਥੇਬੰਦੀਆਂ ਨਾਲ ਰੱਲ ਕੇ ਕੰਮ ਕਰ ਰਹੇ ਹਾਂ ਤਾਂ ਜੋ ਅਸੀਂ ਇਹਨਾਂ ਮੁਸ਼ਕਿਲ ਚੁਣੌਤੀਆਂ ਦਾ ਸਹੀ ਢੰਗ ਨਾਲ ਮੁਕਾਬਲਾ ਕਰ ਸਕੀਏ ਜੋ ਕਿ ਸਾਡੇ ਦੇਸ਼ ਤੇ ਆਣ ਪਈਆਂ ਹਨ। ਕਿਰਪਾ ਕਰਕੇ ਅਗਲੇ ਦਿਨਾਂ ਵਿੱਚ ਸਾਡੀ ਟੀਮ ਤੋਂ ਹੋਰ COVID-19 ਨਾਲ ਸਬੰਧਿਤ ਸਰੋਤਾਂ ਦੀ ਉਮੀਦ ਕਰੋ, ਜਿਸ ਵਿੱਚ COVID-19 ਫੈਡਰਲ ਐਮਰਜੈਂਸੀ ਫੰਡਾਂ ਅਤੇ ਕਾਨੂੰਨ ਦੇ ਲਾਗੂ ਹੋਣ ਤੇ ਅਪਡੇਟ ਅਤੇ ਵਾਧੂ ਜਾਣਕਾਰੀ ਸ਼ਾਮਲ ਹੋਣਗੇ।

ਚੜ੍ਹਦੀ ਕਲਾ,

ਸਿਮ ਜੇ. ਸਿੰਘ
ਸੀਨੀਅਰ ਪਾਲਿਸੀ ਅਤੇ ਅਡਵੋਕੇਸੀ ਮੈਨੇਜਰ
ਸਿੱਖ ਕੋਲਿਸ਼ਨ